Office of the Deputy Commissioner & Distt. Magistrate, Bathinda
(Corona Monitoring Cell)

# ਦਫਤਰੀ ਹੁਕਮ

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਨਿਮਨਹਸਤਾਖਰ ਵੱਲੋਂ ਪਿੱਠ ਅੰਕਣ ਨੰਬਰ 5713-99 ਮਿਤੀ 23-3/2020 ਰਾਹੀਂ ਅਧੀਨ ਧਾਰਾ 144 ਫੌਜਦਾਰੀ ਜਾਬਤਾ ਸੰਘਤਾ, 1973 ਬਠਿੰਡਾ ਜ਼ਿਲ੍ਹਾ ਦੀ ਹਦੂਦ ਅੰਦਰ ਕਿਸੇ ਵੀ ਪਬਲਿਕ ਦੇ ਵਿਅਕਤੀ ਨੂੰ ਘਰ ਤੋਂ ਬਾਹਰ ਸੜਕ ਜਾਂ ਪਬਲਿਕ ਜਗ੍ਹਾ ਤੇ ਆਉਣ ਤੋਂ ਮਨਾਹੀ ਕਰਦੇ ਹੋਏ ਕਰਫਿਊ ਦੇ ਹੁਕਮ ਜਾਰੀ ਕੀਤੇ ਗਏ ਸਨ।

ਲੋਕ ਹਿੱਤਾਂ ਨੂੰ ਮੁੱਖ ਰੱਖਦੇ ਇਸ ਹੇਠ ਲਿਖੇ ਅਨੁਸਾਰ ਲੋੜੀਂਦੀਆਂ ਸਹੂਲਤਾਂ ਨੂੰ ਕਰਫਿਊ ਵਿੱਚ ਛੋਟ ਦਿੱਤੀ ਜਾਂਦੀ ਹੈ:

| ਲੜੀ ਨੰ. | ਵਿਸ਼ਾ | ਢਿੱਲ/ਛੋਟ ਦਾ ਸਮਾਂ | ਵਿਸ਼ੇਸ਼ ਕਥਨ |
|---|---|---|---|
| 01 | ਕਿਸਾਨਾਂ ਵੱਲੋਂ ਕਣਕ ਦੀ ਫਸਲ ਦੀ ਕਟਾਈ ਅਤੇ ਵੱਖ-ਵੱਖ ਖੇਤੀ ਕਾਰਜਾਂ ਲਈ ਖੇਤ ਮਜਦੂਰਾਂ ਸਮੇਤ ਖੇਤਾਂ ਵਿੱਚ ਆਉ-ਜਾਣ ਲਈ | ਖੇਤ ਵਿੱਚ ਜਾਣ ਦਾ ਸਮਾਂ: ਸਵੇਰੇ 06:00 ਵਜੇ ਤੋਂ ਸਵੇਰੇ 09:00 ਵਜੇ ਤੱਕ (03 ਘੰਟੇ)<br>ਖੇਤ ਤੋਂ ਵਾਪਿਸ ਆਉਣ ਦਾ ਸਮਾਂ: 07:00 ਵਜੇ ਤੋਂ ਰਾਤ 09:00 ਵਜੇ ਤੱਕ (02 ਘੰਟੇ) | ਕਿਸਾਨ ਸਵੇਰੇ 09:00 ਵਜੇ ਤੋਂ ਸ਼ਾਮ 07:00 ਵਜੇ ਤੱਕ ਆਪਣੇ ਖੇਤਾਂ ਵਿੱਚ ਹੀ ਰਹਿਣਗੇ ਅਤੇ ਆਪਣੀ ਖੇਤੀ ਨਾਲ ਸਬੰਧਤ ਕਾਰਜ ਕਰਨਗੇ। ਉਹਨਾਂ ਨੂੰ ਕਿਸੇ ਹੋਰ ਗਤਿਵਿਧੀ ਜਾਂ ਆਵਾਜਾਈ ਦੀ ਆਗਿਆ ਨਹੀਂ ਹੋਵੇਗੀ। |
| 02 | ਕਿਸਾਨਾਂ ਨੂੰ ਫਸਲ ਦੀ ਕਟਾਈ ਬਿਜਾਈ ਅਤੇ ਢੋਆ-ਢੋਆਈ ਲਈ ਵਰਤੀ ਜਾਣ ਵਾਲੀ ਮਸ਼ੀਨਰੀ, (ਜਿਵੇਂ ਕਿ ਟਰੈਕਟਰ, ਟਰਾਲੀ, ਕੰਬਾਇਨ, ਤੂੜੀ ਵਾਲੀ ਮਸ਼ੀਨ (ਸਟਾਰ ਰੀਪਰ) ਆਦਿ) ਦੀ ਆਵਾਜਾਈ | ਮੁਕੰਮਲ ਤੌਰ ਤੇ ਛੋਟ ਹੋਵੇਗੀ, ਪ੍ਰੰਤੂ ਕੰਬਾਇਨ ਦੇ ਖੇਤਾਂ ਵਿੱਚ ਚੱਲਣ ਦਾ ਸਮਾਂ ਸਵੇਰੇ 08:00 ਵਜੇ ਤੋਂ ਸ਼ਾਮ 07:00 ਵਜੇ ਤੱਕ ਦਾ ਹੀ ਹੋਵੇਗਾ। ਕੰਬਾਇਨਾਂ ਮਿਤੀ 14.04.2020 ਤੋਂ ਪਹਿਲਾਂ ਨਹੀਂ ਚਲਣਗੀਆਂ | ਸਬੰਧਤ ਮਸ਼ੀਨਰੀ ਤੇ 04 ਤੋਂ ਵੱਧ ਵਿਅਕਤੀ ਮੌਜੂਦ ਨਹੀਂ ਹੋਣੇ ਚਾਹੀਦੇ ਅਤੇ ਆਪਸੀ ਦੂਰੀ 2 ਮੀਟਰ ਦੀ ਬਣਾਕੇ ਰੱਖਣਗੇ। |
| 03 | ਬੀਜ, ਖਾਦ ਅਤੇ ਕੀਟਨਾਸ਼ਕ ਦਵਾਈਆਂ ਵਾਲੀਆਂ ਦੁਕਾਨਾਂ | ਸਵੇਰੇ 05:00 ਵਜੇ ਤੋਂ ਸਵੇਰੇ 08:00 ਵਜੇ ਤੱਕ (03 ਘੰਟੇ) | ਗ੍ਰਾਹਕਾਂ ਨੂੰ ਸਪਲਾਈ ਲਈ ਹਰੇਕ ਦੁਕਾਨਦਾਰ ਵੱਲੋਂ ਘਰ ਘਰ ਜਾ ਕੇ ਸਪਲਾਈ ਕੀਤੀ ਜਾਵੇਗੀ। |
| 04 | ਜ਼ਿਲ੍ਹਾ ਬਠਿੰਡਾ ਵਿਖੇ ਕੰਪਨੀ ਗੋਦਾਮਾਂ ਵਿੱਚੋਂ ਖਾਦ, ਬੀਜ ਅਤੇ ਦਵਾਈਆਂ ਜ਼ਿਲ੍ਹੇ ਅਤੇ ਜ਼ਿਲ੍ਹੇ ਤੋਂ ਬਾਹਰ ਡਿਸਟ੍ਰੀਬਿਊਟਰਾਂ ਨੂੰ ਸਪਲਾਈ ਸਬੰਧੀ | ਸਵੇਰੇ 05:00 ਵਜੇ ਤੋਂ ਸਵੇਰੇ 08:00 ਵਜੇ ਤੱਕ (03 ਘੰਟੇ) | ਸਬੰਧਤ ਕੰਪਨੀ ਕੋਵਿਡ 19 ਤਹਿਤ ਜਾਰੀ ਸਰਕਾਰੀ ਹਦਾਇਤਾਂ ਜਿਵੇਂ ਮਾਸਕ, ਸੈਨੀਟਾਇਜੇਸ਼ਨ, ਸੋਸ਼ਲ ਡਿਸਟੈਂਸਿੰਗ ਆਦਿ ਦਾ ਪਾਲਣ ਕਰਨਾ ਯਕੀਨੀ ਬਣਾਉਣਗੇ। |
| 05 | ਕਿਸਾਨਾਂ ਦੇ ਟਰੈਕਟਰਾਂ ਲਈ ਵਰਕਸ਼ਾਪ ਅਤੇ ਏਜੰਸੀਆਂ ਖੋਲਣ ਸਬੰਧੀ | ਸਵੇਰੇ 05:00 ਵਜੇ ਤੋਂ ਸਵੇਰੇ 08:00 ਵਜੇ ਤੱਕ (03 ਘੰਟੇ) | ਸਬੰਧਤ ਕਿਸਾਨ ਨਿਰਧਾਰਿਤ ਸਮੇਂ ਵਿੱਚ ਆਪਣਾ ਟਰੈਕਟਰ ਲਈ ਲਿਜਾ ਸਕਦੇ ਹਨ। |

ਸਮੂਹ ਕਿਸਾਨਾਂ/ਖੇਤ ਮਜ਼ਦੂਰਾਂ ਵੱਲੋਂ ਜੇਕਰ ਖੇਤਾਂ ਵਿੱਚ ਹੱਥੀ ਕਟਾਈ/ਬਿਜਾਈ ਆਦਿ ਦਾ ਕੋਈ ਕੰਮ ਕੀਤਾ ਜਾਵੇਗਾ ਤਾਂ ਉਸ ਸਮੇਂ 10 ਤੋਂ ਵੱਧ ਵਿਅਕਤੀ ਮੌਜੂਦ ਨਹੀ ਹੋਣਗੇ, ਆਪਸੀ ਦੂਰੀ 02 ਮੀਟਰ ਦੀ ਬਣਾਕੇ ਰੱਖਣਗੇ, ਮਾਸਕ, ਸੈਨੀਟਾਇਜੇਸ਼ਨ ਦੀ ਵਰਤੋਂ ਕਰਨਗੇ। ਕੋਈ ਵੀ ਖੇਤੀਬਾੜੀ ਇੰਪੁਟ ਡੀਲਰ ਆਪਣੀ ਦੁਕਾਨ ਖੋਲਕੇ ਨਹੀਂ ਰਖੇਗਾ ਅਤੇ ਕਿਸਾਨਾਂ ਨੂੰ ਘਰ ਘਰ ਡਲੀਵਰੀ ਕਰਨਗੇ। ਇਸ ਸਬੰਧੀ ਜੇਕਰ ਕੋਈ ਵੀ ਲਾਪਰਵਾਹੀ ਜਾਂ ਕੋਤਾਹੀ ਕੀਤੀ ਗਈ ਤਾਂ ਸਬੰਧਤ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਇਹ ਅਦਾਰੇ ਕੋਵਿਡ-19 ਨਾਲ ਸਬੰਧਤ ਭਾਰਤ ਸਰਕਾਰ / ਰਾਜ ਸਰਕਾਰ ਅਤੇ ਨਿਮਨਹਸਤਾਖਰ ਵੱਲੋਂ ਜਾਰੀ ਕੀਤੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨਗੇ ਅਤੇ ਜੇਕਰ ਉਨ੍ਹਾਂ ਵੱਲੋਂ ਕੋਵਿਡ -19 ਨਾਲ ਸਬੰਧਤ ਹਦਾਇਤਾਂ ਦੀ ਕੋਈ ਵੀ ਉਲੰਘਣਾ ਕੀਤੀ ਗਈ ਤਾਂ ਉਨ੍ਹਾਂ ਵਿਰੁੱਧ ਕਰੀਮਨਲ ਕਾਰਵਾਈ ਕੀਤੀ ਜਾਵੇਗੀ।

ਜ਼ਿਲਾ ਮੈਜਿਸਟਰੇਟ,
ਬਠਿੰਡਾ।

ਪਿੱ.ਅੰਕਣ ਨੰ: 1319-33 /CMC ਮਿਤੀ 08/ 04 /2020

ਇਸ ਦਾ ਇੱਕ ਉਤਾਰਾ:

1. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
2. ਕਮਿਸ਼ਨਰ, ਨਗਰ ਨਿਗਮ, ਬਠਿੰਡਾ
3. ਵਧੀਕ ਡਿਪਟੀ ਕਮਿਸ਼ਨਰ (ਜਨਰਲ) / (ਵਿਕਾਸ), ਬਠਿੰਡਾ
4. ਉਪ ਮੰਡਲ ਮੈਜਿਸਟਰੇਟ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
5. ਤਹਿਸੀਲਦਾਰ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
6. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ
7. ਸਿਵਲ ਸਰਜਨ, ਬਠਿੰਡਾ
8. ਮੁੱਖ ਖੇਤੀਬਾੜੀ ਅਫਸਰ, ਬਠਿੰਡਾ

ਪਾਸ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ।